ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

## ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਬਲਾਕ ਈ,ਪੰਜਵੀ ਮੰਜਿਲ,ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਫੇਜ਼ 8, ਐਸ.ਐਸ.ਏ ਨਗਰ (ਮੁਹਾਲੀ)

---

ਵੱਲ :

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ/ਸੈ.ਸਿੱ),ਪੰਜਾਬ।
3. ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ: ਏ.ਐਮ./ਪੈਡਾਗੋਜ਼ੀ/2016/4377

ਮਿਤੀ : 19/9/2016

ਵਿਸ਼ਾ:- **ਐਲੀਮੈਂਟਰੀ ਅਧਿਆਪਕਾਂ ਲਈ ਸਾਲ 2016-17 ਲਈ ਕਾਰਗੁਜ਼ਾਰੀ ਸਕੌਤਕ(PINDICS) ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਪਿਛਲੇ ਵਿੱਦਿਅਕ ਸਾਲ ਵਿੱਚ ਪੰਜਾਬ ਰਾਜ ਦੇ ਐਲੀਮੈਂਟਰੀ ਅਧਿਆਪਕਾਂ ਲਈ ਕਾਰਗੁਜ਼ਾਰੀ ਸੰਕੇਤਕ (PINDICS) ਲਾਗੂ ਕਰ ਦਿੱਤੇ ਗਏ ਹਨ।ਇਹ ਕਾਰਗੁਜਾਰੀ ਸੰਕੇਤਕ (PINDICS) ਪੰਜਾਬ ਰਾਜ ਦੇ ਐਲੀਮੈਂਟਰੀ ਅਧਿਆਪਕਾਂ ਲਈ 01 ਜੁਲਾਈ 2014 ਤੋਂ ਲਾਗੂ ਕੀਤੇ ਜਾ ਚੁੱਕੇ ਹਨ। ਇਹ ਸੰਕੇਤਕ ਹਰੇਕ ਵਿਦਿਅਕ ਵਰ੍ਹੇ ਦੌਰਾਨ ਪਹਿਲੀ ਤਿਮਾਹੀ ਅਤੇ ਤੀਜੀ ਤਿਮਾਹੀ ਦੇ ਅੰਤ ਵਿੱਚ ਹਰ ਅਧਿਆਪਕ ਵੱਲੋਂ ਆਪਣੇ ਪੱਧਰ ਤੇ ਭਰੇ ਜਾਂਦੇ ਹਨ।

2.0 ਇਹਨਾਂ ਸੰਕੇਤਕਾਂ ਨੂੰ ਅਧਿਆਪਕਾਂ ਨਿੱਜੀ ਤੌਰ ਤੇ ਭਰਣਗੇ, ਜਿਸ ਤੋਂ ਬਾਅਦ ਸੰਬੰਧਤ ਸਕੂਲ ਮੱਖੀ ਦੁਆਰਾ ਆਪਣਾ ਪ੍ਰੋਫਾਰਮਾ ਭਰਿਆ ਜਾਵੇਗਾ ਅਤੇ ਇਹਨਾਂ ਸੰਕੇਤਕਾਂ ਨੂੰ ਇੱਕਤਰ ਕਰਕੇ ਸੰਬੰਧਤ ਕਲੱਸ਼ਟਰ ਵਿਚ ਭੇਜੇਗਾ। ਇਸ ਉਪਰੰਤ ਕਲੱਸਟਰ ਇੰਚਾਰਜ ਸੰਬੰਧਤ ਸਕੂਲਾਂ ਦੀਆਂ ਸਾਰੀਆਂ ਸੰਕੇਤਕ ਰਿਪੋਰਟਾਂ ਨੂੰ ਸੰਕਲਿਤ ਕਰਕੇ ਸੰਬੰਧਤ ਬਲਾਕ ਵਿਚ ਭੇਜਣਗੇ, ਸੰਬੰਧਤ ਬਲਾਕ ਦੇ ਬੀ.ਪੀ.ਈ.ਓ. ਦੁਆਰਾ ਸਮੂਹ ਕਲੱਸਟਰਾਂ ਦੀ ਰਿਪੋਰਟ ਨੂੰ ਸੰਕਲਿਤ ਕਰਨ ਉਪਰੰਤ ਸੰਬੰਧਤ ਜਿਲਾ ਸਿੱਖਿਆ ਅਫਸਰ(ਐ.ਸਿੱ ਅਤੇ ਸੈ.ਸਿੱ) ਨੂੰ ਭੇਜਿਆ ਜਾਵੇਗਾ।

3.0 ਸੰਬੰਧਤ ਜ਼ਿਲਾ ਸਿੱਖਿਆ ਅਫਸਰ(ਐ.ਸਿੱ ਅਤੇ ਸੈ.ਸਿੱ) ਆਪਣੇ ਜਿਲ੍ਹੇ ਦੀ ਸੰਕਲਿਤ ਰਿਪੋਰਟ ਸੰਬੰਧਤ ਮੰਡਲ ਸਿੱਖਿਆ ਅਫਸਰ ਨੂੰ ਭੇਜਣਗੇ।

4.0 ਅਕਾਦਮਿਕ ਵਰ੍ਹੇ 2016-17 ਦੀ ਪਹਿਲੀ ਅਤੇ ਤੀਜੀ ਤਿਮਾਹੀ ਦੀ ਰਿਪੋਰਟ ਸੰਬੰਧਤ ਮੰਡਲ ਸਿੱਖਿਆ ਅਫਸਰ ਮੁੱਖ ਦਫ਼ਤਰ ਨੂੰ ਜਨਵਰੀ 2017 ਦੇ ਪਹਿਲੇ ਹਫਤੇ ਵਿਚ aspdsst@gmail.com 'ਤੇ ਭੇਜਣੀ ਯਕੀਨੀ ਬਣਾਉਣਗੇ।

5.0 ਸਮੂਹ ਮੰਡਲ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪਿਛਲੇ ਵਿੱਦਿਅਕ ਸਾਲ 2015-16 ਵਿੱਚ (PINDICS) ਸੰਬੰਧੀ ਸਮੂਹ ਜਿਲ੍ਹਿਆ ਵੱਲੋਂ ਭਰੀ ਗਈ ਸੰਕਲਿਤ ਰਿਪੋਰਟ ਅਤੇ ਇਸ ਸੰਬੰਧੀ utilization certificate ਮੁੱਖ ਦਫ਼ਤਰ ਨੂੰ aspdsst@gmail.com 'ਤੇ ਤੁਰੰਤ ਭੇਜਣੀ ਯਕੀਨੀ ਬਣਾਉਣਗੇ ਤਾਂ ਜੋ MHRD ਭਾਰਤ ਸਰਕਾਰ ਨੂੰ ਇਸ ਸੰਬੰਧੀ ਸਮੇਂ ਸਿਰ ਰਿਪੋਰਟ ਭੇਜੀ ਜਾ ਸਕੇ।

6.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।